IJCRT.ORG ISSN : 2320-2882

INTERNATIONAL JOURNAL OF CREATIVE RESEARCH THOUGHTS (IJCRT)

An International Open Access, Peer-reviewed, Refereed Journal

# ਸੁਤੰਤਰਤਾ ਦਾ ਬੁਨਿਆਦੀ ਅਧਿਕਾਰ: ਗੁਰੂ ਗ੍ਰੰਥ ਸਾਹਿਬ ਦੇ ਸੰਦਰਭ ਵਿਚ

**ਹਰਪ੍ਰੀਤ ਸਿੰਘ ਦੂਆ (ਡਾ.)**

**ਐਸੋਸੀਏਟ ਪ੍ਰੋਫੈਸਰ**

**ਪੰਜਾਬੀ ਵਿਭਾਗ**

**ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ, ਲੁਧਿਆਣਾ**

**Abstract**

ਬਾਣੀਕਾਰ ਜਨ ਸਾਧਾਰਨ ਸਾਹਮਣੇ ਸਮਾਜਿਕ ਸੁਤੰਤਰਤਾ ਦਾ ਸੰਕਲਪ ਵੀ ਪੇਸ਼ ਕਰਦੇ ਹਨ। ਮਨੁੱਖ ਸਮਾਜਿਕ ਪ੍ਰਾਣੀ ਜ਼ਰੂਰ ਹੈ। ਸਮਾਜ ਵਿਚ ਵਿਚਰਦਿਆਂ ਆਪਣੀਆਂ ਲੋੜ੍ਹਾਂ, ਥੋੜ੍ਹਾਂ ਤੇ ਜ਼ਰੂਰਤਾਂ ਦੀ ਪੂਰਤੀ ਲਈ ਇਕ ਦੂਸਰੇ ਉੱਪਰ ਨਿਰਭਰ ਵੀ ਕਰਦਾ ਹੈ ਪਰ ਉਸਨੂੰ ਆਲੇ-ਦੁਆਲੇ ਵਿਚਰਦੇ ਇਨਸਾਨਾਂ ਉਤੇ ਬੋਝ ਪਾਉਣ ਦਾ ਕੋਈ ਅਧਿਕਾਰ ਨਹੀਂ ਹੁੰਦਾ। ਉਹਨਾਂ ਦੀ ਕਿਸੇ ਪ੍ਰਕਾਰ ਦੀ ਸੁਤੰਤਰਤਾ ਨੂੰ ਆਪਣਾ ਅਧਿਕਾਰ ਸਮਝਣ ਦੀ ਇਜਾਜ਼ਤ ਨਹੀਂ ਹੈ। ਉਸਨੂੰ ਆਪਣੀਆਂ ਜ਼ਰੂਰਤਾਂ ਆਪਣੇ ਸਿਰ ਉੱਪਰ ਆਪਣੀ ਮਿਹਨਤ ਮੁਸ਼ੱਕਤ ਨਾਲ ਪੂਰੀਆਂ ਕਰਨੀਆਂ ਜ਼ਰੂਰੀ ਹਨ। ਘਾਲਣਾ, ਮਿਹਨਤ, ਸੰਘਰਸ਼ ਮਨੁੱਖ ਨੂੰ ਬੜੀ ਮੁੱਦਤਾਂ ਬਾਅਦ ਮਿਲੀ ਇਸ ਸਰਵੋਤਮ ਮਨੁੱਖੀ ਜੂਨ ਵਿਚ ਆਪਣੇ ਉੱਦਮ ਦੁਆਰਾ, ਆਪਣੇ ਪੈਰਾਂ ਨੂੰ ਮਜ਼ਬੂਤ ਕਰ, ਪਿੱਛੇ ਹੋ ਗੁਜ਼ਰੇ ਦੀ ਚਿੰਤਾ ਤੋਂ ਮੁਕਤ ਹੋ, ਆਪਣੀਆ ਪ੍ਰਾਪਤੀਆਂ ਦਾ ਕਰਤਾ ਆਪਣੇ ਆਪ ਨੂੰ ਸਮਝਣ ਦੀ ਹਉਮੈ ਤੋਂ ਉੱਚਾ ਹੋ ਕੇ ਆਪਣੀਆਂ ਅਪ੍ਰਾਪਤੀਆਂ ਸਮੇਂ ਝੂਰਨ ਦੀ ਜ਼ਰੂਰਤ ਨਹੀਂ, ਸਗੋਂ ਜੂਝਣ ਦੀ ਲੋੜ ਹੈ ਤਾਂ ਜੋ ਜ਼ਿੰਦਗੀ ਨੂੰ ਦੁੱਖਾਂ ਦੀ ਗੁਲਾਮੀ ਤੋਂ ਸੁਤੰਤਰ ਕਰਵਾ ਕੇ ਜ਼ਿੰਦਗੀ ਨੂੰ ਸੁੱਖਾਂ ਦੀ ਸੁਤੰਤਰਤਾ ਦਾ ਹਾਮੀ ਬਣਾਇਆ ਜਾ ਸਕੇ।

**Key Words:** ਸੁਤੰਤਰਤਾ, ਗੁਰੂ ਗ੍ਰੰਥ ਸਾਹਿਬ, ਗੁਰਬਾਣੀ, ਬਾਣੀਕਾਰ

ਗੁਰੂ ਗ੍ਰੰਥ ਸਾਹਿਬ ਬੁਨਿਆਦੀ ਤੌਰ ਉਤੇ ਵੱਖ-ਵੱਖ ਕਿੱਤਿਆਂ, ਇਲਾਕਿਆਂ, ਧਰਮਾਂ, ਸਭਿਆਚਾਰਾਂ, ਵਿਸ਼ਵਾਸਾਂ ਅਤੇ ਭਾਸ਼ਾਵਾਂ ਇਤਿ ਆਦਿ ਨਾਲ ਜੁੜੇ ਹੋਏ ਵਸ਼ਿਸ਼ਟ ਵਿਅਕਤੀ ਵਿਸ਼ੇਸ਼ਾਂ ਦਾ ਅਧਿਆਤਮਕ ਗ੍ਰੰਥ ਹੈ ਜੋ ਸਪੱਸ਼ਟ ਰੂਪ ਵਿਚ ਵਿਸ਼ਵ ਸਮਾਜਿਕ ਕਲਿਆਣ ਨਾਲ ਜੁੜ ਕੇ ਆਪਣੀ ਵਿਸ਼ਵੀ ਪ੍ਰਮਾਣਿਕਤਾ ਨੂੰ ਪ੍ਰਾਪਤ ਕਰਦਾ ਹੈ। ਮਨੁੱਖ ਬੁਨਿਆਦੀ ਰੂਪ ਵਿਚ ਸੁਤੰਤਰ ਪ੍ਰਾਣੀ ਹੈ। ਬਚਪਨ ਤੋਂ ਬੁਢੇਪੇ ਤੱਕ ਉਸਨੂੰ ਸੁਤੰਤਰਤਾ ਸਹਿਤ ਵਿਚਰਨ ਦੀ ਖੁੱਲ ਹੈ। ਉਸਨੂੰ ਮਰਜ਼ੀ ਨਾਲ ਖਾਣ-ਪੀਣ, ਰਹਿਣ-ਸਹਿਣ, ਪਹਿਨਣ, ਵਿਹਾਰ ਕਰਨ, ਸਭਿਆਚਾਰ ਗ੍ਰਹਿਣ ਕਰਨ ਧਰਮ ਚੁਣਨ, ਧਰਮ ਨਾਲ ਜੁੜੇ ਹੋਏ ਕਰਮ-ਕਾਂਡ ਕਰਨ ਉਪਜੀਵਿਕਾ ਲਈ ਕਿੱਤਾ ਅਪਨਾਉਣ, ਭਾਸ਼ਾ

ਬੋਲਣ ਅਤੇ ਪੜ੍ਹਨ, ਸਿੱਖਣ ਦੀ ਪੂਰਨ ਆਜ਼ਾਦੀ ਹੈ ਪਰ ਸ਼ਰਤ ਕੇਵਲ ਇਤਨੀ ਜ਼ਰੂਰ ਹੁੰਦੀ ਹੈ ਕਿ ਉਸਦੀ ਸੁਤੰਤਰਤਾ ਕਿਸੇ ਦੂਸਰੇ ਦੀ ਸੁਤੰਤਰਤਾ ਉਤੇ ਭਾਰੂ ਜਾਂ ਅਸਰਦਾਇਕ ਨਾ ਹੋਵੇ। ਇਸ ਤੋਂ ਕਿਸੇ ਦੂਜੇ ਨੂੰ ਮਾਨਸਿਕ ਜਾਂ ਸਰੀਰਕ, ਕਿਸੇ ਕਿਸਮ ਦੀ ਕੋਈ ਤਕਲੀਫ਼ ਨਾ ਹੋਵੇ ਫਿਰ ਇਹ ਸੁਤੰਤਰਤਾ ਆਪਣੀ ਮਿਹਨਤ ਨਾਲ ਆਪਣੇ ਪੈਰਾਂ ਤੇ ਖੜੀ ਹੋਵੇ, ਕਿਸੇ ਦੇ ਮੋਢਿਆਂ ਜਾਂ ਸਿਰ ਉਤੇ ਸਵਾਰ ਹੋ ਕੇ ਸਥਾਪਿਤ ਨਾ ਹੋਈ ਹੋਵੇ। ਉੱਤਮ ਤੇ ਪ੍ਰਵਾਨਿਤ ਸਭਿਆਚਾਰ ਦਾ ਸੁਨਹਿਰੀ ਅਸੂਲ ਆਪ ਸੁਤੰਤਰ ਹੋਣ ਦੇ ਨਾਲ-ਨਾਲ ਦੂਸਰੇ ਦੀ ਸੁਤੰਤਰਤਾ ਨੂੰ ਤਸਲੀਮ ਕਰਨਾ ਹੈ। ਸੰਯੁਕਤ ਰਾਸ਼ਟਰ ਵੀ ਮਨੁੱਖ ਦੇ ਸੁਤੰਤਰਤਾ ਦੇ ਅਧਿਕਾਰ ਨੂੰ ਮਾਨਣਾ ਯਕੀਨੀ ਬਣਾਉਂਦਾ ਹੈ। ਇਹ ਸੁਤੰਤਰਤਾ ਇੱਕ ਵਿਅਕਤੀ ਤੋਂ ਉੱਪਰ ਉੱਠ ਕੇ ਪਰਿਵਾਰ, ਸ਼ਹਿਰ, ਪ੍ਰਾਂਤ, ਦੇਸ਼ ਅਤੇ ਵਿਸ਼ਵ ਤੱਕ ਵਿਸਤ੍ਰਿਤ ਹੈ।

ਗੁਰੂ ਗ੍ਰੰਥ ਸਾਹਿਬ ਮਨੁੱਖ ਦੇ ਸੁਤੰਤਰਤਾ ਦੇ ਬੁਨਿਆਦੀ ਅਧਿਕਾਰ ਨੂੰ ਪ੍ਰਵਾਨ ਕਰਦਾ, ਹਰ ਮਨੁੱਖ ਨੂੰ ਆਪਣਾ-ਆਪਣਾ ਧਰਮ ਚੁਣਨ, ਧਰਮ ਦੀਆਂ ਕਿਰਿਆਵਾਂ ਕਰਨ, ਧਾਰਮਿਕ ਲਿਬਾਸ ਗ੍ਰਹਿਣ ਕਰਨ, ਧਾਰਮਿਕ ਸਥਾਨਾਂ ਦਾ ਨਿਰਮਾਣ ਕਰਨ, ਧਰਮ ਸੰਚਾਰ ਅਤੇ ਪਰਚਾਰ ਕਰਨ, ਆਪਣੀ ਉਪਜੀਵਿਕਾ ਲਈ ਮਰਜ਼ੀ ਦਾ ਕਿੱਤਾ ਚੁਣਣ, ਪੜ੍ਹਨ- ਲਿਖਣ, ਸਿੱਖਿਆ ਗ੍ਰਹਿਣ ਕਰਨ ਅਤੇ ਮਰਜ਼ੀ ਦੀ ਭਾਸ਼ਾ ਬੋਲਣ ਦੀ ਸੁਤੰਤਰਤਾ ਦੇਂਦਾ ਹੋਇਆ ਹਰ ਕਿਸਮ ਦੀ ਬੰਦਿਸ਼, ਗੁਲਾਮੀ, ਰੁਕਾਵਟ ਆਤਮਕ ਅਤੇ ਸਰੀਰਕ ਬੋਲ ਤੋਂ ਮੁਕਤ ਹੋਣ ਦਾ ਸੰਕਲਪ ਪੇਸ਼ ਕਰਦਾ ਹੈ। ਗੁਲਾਮੀ ਤਾਂ ਗੁਲਾਮੀ ਹੀ ਹੁੰਦੀ ਹੈ, ਜਿਸਦਾ ਖੇਤਰ ਅੰਤਰੀਵੀ ਮਨ ਦੀਆਂ ਪਕੜਾਂ ਤੋਂ ਸਰੀਰਕ ਬੰਦਸ਼ਾਂ ਤਕ ਵਿਸਤ੍ਰਿਤ ਹੈ। ਭਾਰਤ ਵਿੱਚ ਮੁੱਖ ਧਰਮ ਹਿੰਦੂ, ਮੁਸਲਿਮ ਸਿੱਖ, ਇਸਾਈ ਹੀ ਹਨ ਪਰ ਇਸਦੇ ਨਾਲ ਹੀ ਇਹਨਾਂ ਦੀਆਂ ਵੱਖ-ਵੱਖ ਸ਼ਾਖਾਵਾਂ ਅਤੇ ਉਪ-ਧਰਮਾਂ ਦੀ ਗਿਣਤੀ ਜੈਨੀ, ਬੋਧੀ, ਪਾਰਸੀ, ਸ਼ੀਆ, ਸੁੰਨੀ, ਨਾਮਧਾਰੀ, ਨਿਰੰਕਾਰੀ ਇਤਿਆਦਿ ਕਈ ਹਨ। ਇਸੇ ਲਈ ਇੱਥੇ ਭਾਰਤੀ ਰਾਸ਼ਟਰੀਅਤਾ ਦੇ ਹੁੰਦਿਆਂ ਮੰਦਰਾਂ ਵਿੱਚੋਂ ਵੇਦਾਂ, ਪੁਰਾਣਾਂ, ਸਿਮਰਤੀਆਂ ਤੇ ਭਗਵਤ ਗੀਤਾ ਦੇ ਬੋਲ ਵੀ ਸੁਣਾਈ ਦਿੰਦੇ ਹਨ। ਮਸਜਿਦਾਂ ਵਿਚ ਪੰਜ ਵੇਲੇ ਪੜ੍ਹੀਆਂ ਜਾਂਦੀਆਂ ਨਮਾਜ਼ਾਂ ਤੇ ਬਾਂਗਾਂ ਦੀਆਂ ਆਵਾਜ਼ਾਂ ਵੀ ਕੰਨੀਂ ਪੈਂਦੀਆਂ ਹਨ। ਇੱਥੇ ਈਸਾ ਮਸੀਹ ਦੀਆਂ ਬਾਈਬਲ ਦੀਆਂ ਸੁਰਾਂ ਵੀ ਕਿਤੇ-ਕਿਤੇ ਸੁਣਾਈ ਦਿੰਦੀਆ ਹਨ। ਜੈਨੀਆਂ, ਬੋਧੀਆਂ, ਪਾਰਸੀਆਂ ਇਤਿ ਆਦਿ ਦੇ ਧਾਰਮਿਕ ਗ੍ਰੰਥਾਂ ਵਿਚਲੇ ਪਵਿੱਤਰ ਬੋਲ ਵੀ ਫ਼ਿਜ਼ਾਵਾਂ ਵਿਚ ਗੂੰਜਦੇ ਹਨ। ਇੱਥੇ ਸਮਾਧੀ ਲੀਨ ਜਟਾਧਾਰੀ ਵੀ ਹਨ, ਧੋਤੀਆਂ, ਜਨੇਊ ਅਤੇ ਟਿੱਕੇ ਲੱਗੇ ਬ੍ਰਾਹਮਣ ਵੀ ਦਿੱਸਦੇ ਹਨ। ਖੁੱਲੇ ਦਾੜ੍ਹੇ ਤੇ ਅੰਮ੍ਰਿਤਧਾਰੀ ਵੀ ਕਿਤੇ-ਕਿਤੇ ਨਜ਼ਰ ਆ ਜਾਂਦੇ ਹਨ। ਮੋਢੇ ਉਤੇ ਮੁਸੱਲਾ ਰੱਖ ਕੇ, ਮੁਸਲਮਾਨੀ ਲਿਬਾਸ ਪਹਿਨੀ, ਮੁਸਲਮਾਨ ਵੀ ਦਿੱਸ ਪੈਂਦੇ ਹਨ। ਡੰਡਉਤ ਕਰਦੇ ਤੇ ਇਕ ਲੱਤ ਖੜੀ ਪਰਮਾਤਮਾ ਨੂੰ ਰਿਝਾਉਂਦੇ ਵੀ ਹਨ, ਗੁਰੂਆਂ ਪੀਰਾਂ ਪੈਗੰਬਰਾਂ ਅੱਗੇ ਨਤਮਸਤਕ ਵੀ ਮੌਜੂਦ ਹਨ ਅਤੇ ਜੋ ਧਾਰਮਿਕ ਅਨੇਕਤਾ ਵਿਚ ਇਕ ਸਦਭਾਵਨਾ ਸੰਪੰਨ ਏਕਤਾ ਦੇ ਸੁਹਾਵਣੇ ਸਦਾਚਾਰਕ ਨੈਤਿਕਤਾ ਸੰਪੰਨ ਵਾਤਾਵਰਣ ਸਿਰਜਦੇ ਹੋਏ ਆਪੋ ਆਪਣੇ ਧਾਰਮਿਕ ਅਕੀਦਿਆਂ ਵਿਚ ਪੱਕਿਆਂ ਹੋ ਕੇ ਦੂਜਿਆਂ ਦੇ ਧਾਰਮਿਕ ਤਿਉਹਾਰਾਂ ਵਿਚ ਸਤਿਕਾਰ ਸਹਿਤ ਸ਼ਿਰਕਤ ਕਰਦੇ ਖੁਸ਼ੀਆਂ ਦਾ ਆਦਾਨ ਪ੍ਰਦਾਨ ਕਰਦੇ ਹਨ।

ਵਿਸ਼ਵ ਦੇ ਸਮੂਹ ਧਰਮਾਂ ਵਿਚ ਵਿਅਕਤੀ ਦੀ ਸੁਤੰਤਰਤਾ ਨੂੰ ਇਕ ਜਟਿਲ ਸਮੱਸਿਆ ਮੰਨਿਆ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਭ ਧਰਮਾਂ ਨੂੰ ਬਰਾਬਰ ਮੰਨਿਆ ਗਿਆ ਹੈ ਅਤੇ ਧਾਰਮਿਕ ਭੇਦਭਾਵ ਦਾ ਜ਼ੋਰਦਾਰ ਸ਼ਬਦਾਂ ਵਿਚ ਖੰਡਨ ਕੀਤਾ ਗਿਆ ਹੈ। ਗੁਰਬਾਣੀ ਅਨੁਸਾਰ ਹਰ ਵਿਅਕਤੀ ਆਪਣੇ ਧਰਮ ਦੀ ਪਾਲਣਾ ਕਰਨ ਅਤੇ ਉਸਦੇ ਵਿਸ਼ਵਾਸਾਂ ਨੂੰ ਮੰਨਣ ਲਈ ਪੂਰੀ ਤਰ੍ਹਾਂ ਸੁਤੰਤਰ ਹੈ। ਇਸ ਵਾਸਤੇ ਕਿਸੇ ਵੀ ਧਰਮ, ਮਤ, ਵਿਚਾਰ ਅਤੇ ਸਿਧਾਂਤ ਨੂੰ ਮੰਨਣ ਵਾਲੇ ਮਨੁੱਖ ਨੂੰ ਆਪੋ-ਆਪਣੇ ਅਕੀਦੇ ਵਿਚ ਪੱਕਾ ਰਹਿਣ ਦੀ ਤਾਕੀਦ ਕੀਤੀ ਗਈ ਹੈ। ਇਸ ਲਈ ਉਸਨੂੰ ਆਪਣੇ ਧਰਮ ਪ੍ਰਤੀ ਵਿਸ਼ਵਾਸਾਂ ਦੀ ਰਾਖੀ ਕਰਦੇ ਹੋਏ, ਆਪਣੇ ਅੰਦਰ ਚੰਗੇਰੇ ਮਨੁੱਖੀ ਗੁਣ ਪੈਦਾ ਕਰਨੇ ਅਤੀ ਜ਼ਰੂਰੀ ਹਨ। ਜਿਵੇਂ ਅਸੀਂ ਪਿੱਛੇ ਇਸ ਬਾਰੇ ਚਰਚਾ ਕੀਤੀ ਹੈ ਕਿ ਮੁਸਲਮਾਨ ਅਤੇ ਹਿੰਦੂ ਦੋਹਾਂ ਨੂੰ ਨਮਾਜ਼ ਅਤੇ ਜਨੇਊ ਦੇ ਚਿੰਨ੍ਹਾਂ ਨੂੰ ਪ੍ਰਤੀਬਿੰਬਤ ਕਰਨਾ ਚਾਹੀਦਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਸਪੱਸ਼ਟ ਸੰਕੇਤ ਦਿੱਤਾ ਗਿਆ ਹੈ ਕਿ ਸਾਰੇ ਮਨੁੱਖ ਆਪੋ ਆਪਣੇ ਧਰਮਾਂ ਅਨੁਸਾਰ ਉਸ ਅਕਾਲ ਪੁਰਖ ਦਾ ਨਾਮ ਰੱਖੀ ਬੈਠੇ ਹਨ ਅਤੇ ਆਪੋ ਆਪਣੇ ਢੰਗ ਨਾਲ ਉਸਦੀ ਆਰਾਧਨਾ ਕਰਦੇ ਹਨ:

ਕੋਈ ਬੋਲੈ ਰਾਮ ਰਾਮ ਕੋਈ ਖੁਦਾਇ॥

ਕੋਈ ਸੇਵੈ ਗੁਸਈਆ ਕੋਈ ਅਲਾਹਿ॥

ਕਾਰਣ ਕਰਣ ਕਰੀਮ॥

ਕਿਰਪਾ ਧਾਰਿ ਰਹੀਮ॥1॥ ਰਹਾਉ॥

ਕੋਈ ਨਾਵੈ ਤੀਰਥਿ ਕੋਈ ਹਜ ਜਾਇ॥

ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ॥2॥

ਕੋਈ ਪੜੈ ਬੇਦ ਕੋਈ ਕਤੇਬ॥

ਕੋਈ ਓਢੈ ਨੀਲ ਕੋਈ ਸੁਪੇਦ॥

ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ॥

ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ॥4॥

ਕਹੁ ਨਾਨਕ ਜਿਨਿ ਹੁਕਮੁ ਪਛਾਤਾ॥

ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ॥5॥[1]

ਗੁਰਬਾਣੀ ਵਿਚ ਇਨ੍ਹਾਂ ਦੋਹਾਂ ਧਰਮਾਂ ਦੇ ਪੈਰੋਕਾਰਾਂ ਨੂੰ ਕੱਟੜਤਾ ਛੱਡਕੇ, ਇਕ ਦੂਜੇ ਨੂੰ ਮਨੁੱਖ ਜਾਣਦੇ ਹੋਏ, ਇਕ ਦੂਜੇ ਦੇ ਮਨੁੱਖੀ ਹੱਕਾਂ ਦਾ ਆਦਰ ਕਰਨ ਦਾ ਉਪਦੇਸ਼ ਦਿੱਤਾ ਹੈ। ਗੁਰੂ ਸਾਹਿਬਾਨ ਦਾ ਕਥਨ ਹੈ ਕਿ ਕੋਈ ਹਿੰਦੂ ਜਾਂ ਮੁਸਲਮਾਨ ਨਹੀਂ ਹੈ ਸਗੋਂ ਸਾਰੇ ਇੱਕ ਅੱਲ੍ਹਾ ਤੇ ਰਾਮ ਦੇ ਸਿਰਜੇ ਹੋਏ ਇਨਸਾਨ ਹਨ:

ਨਾ ਹਮ ਹਿੰਦੂ ਨ ਮੁਸਲਮਾਨ॥

ਅਲਹ ਰਾਮ ਕੇ ਪਿੰਡੁ ਪਰਾਨ॥

ਕਹੁ ਕਬੀਰ ਇਹੁ ਕੀਆ ਵਖਾਨਾ ॥

ਗੁਰ ਪੀਰ ਮਿਲਿ ਖੁਦਿ ਖਸਮੁ ਪਛਾਨਾ ॥੫॥੩॥[2]

ਗੁਰੂ ਗ੍ਰੰਥ ਸਾਹਿਬ ਮਨੁੱਖ ਨੂੰ ਪੂਰਨ ਰੂਪ ਵਿਚ ਸੁਤੰਤਰ ਰਹਿਣ ਦਾ ਸੰਦੇਸ਼ ਦਿੰਦਾ ਹੈ। ਇਸਨੂੰ ਜ਼ਿੰਦਗੀ ਦੀ ਦੌੜ ਦੀ ਬੁਨਿਆਦੀ ਲੋੜ ਦੱਸਦਾ ਹੈ ਅਤੇ ਇਸ ਵਿਚਲੀ ਦੁਆ ਪਰਮਾਤਮਾ ਕੋਲ ਸੁਤੰਤਰ ਬਣੇ ਰਹਿਣ ਦੀ ਗੂੰਜਦੀ ਹੈ। ਆਪਣੀ ਜ਼ਿੰਦਗੀ ਨੂੰ ਚਲਾਉਣ ਲਈ ਪਰਾਏ ਦਰਵਾਜ਼ਿਆਂ ਤੇ ਬੈਠ ਕੇ ਜ਼ਿੰਦਗੀ ਦੀ ਭੀਖ ਮੰਗਣਾ ਅਤੇ ਕਿਸੇ ਅੱਗੇ ਹੱਥ ਅੱਡ ਕੇ ਜ਼ਿੰਦਗੀ ਦੀਆਂ ਲੋੜਾਂ ਦੀ ਪੂਰਤੀ ਲਈ ਤਰਲੇ ਕਰਨਾ, ਕਿਤੇ ਨਹੀਂ ਮਿਲਦਾ। ਇਹ ਤਾਂ ਅੱਤ ਦੀ ਗੁਲਾਮੀ ਮੰਨ ਕੇ ਅਜਿਹੀ ਗੁਲਾਮੀ ਨਾਲੋਂ ਸੁਤੰਤਰਤਾ ਵਾਲੀ ਮੌਤ ਨੂੰ ਤਰਜੀਹ ਦਿੰਦਾ ਹੈ ਪਰ ਇਸਦੇ ਨਾਲ ਹੀ ਗੁਰੂ ਗ੍ਰੰਥ ਸਾਹਿਬ ਵਿਚ ਗੁਲਾਮੀ ਦਾ ਜ਼ਿਕਰ ਜ਼ਰੂਰ ਹੈ ਪਰ ਇਹ ਹੱਡ-ਮਾਸ ਦੇ ਪੁਤਲਿਆਂ ਦੀ ਨਹੀਂ, ਉਸ ਪਰਵਦਗਾਰ ਦੀ ਹੈ ਅਤੇ ਜਿਸਦੀ ਸ਼ਰਣਾਗਤੀ ਵਿਚ ਜਾ ਕੇ ਉਸ ਵਲੋਂ ਮਿਲੀ ਹੋਈ ਜ਼ਿੰਦਗੀ ਤੇ ਮੌਤ ਦੋਨੋਂ ਹੀ ਕਬੂਲ ਹਨ:

- ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ॥

ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ॥[3]

- ਕਹਿ ਕਬੀਰ ਗੁਲਾਮ ਘਰ ਕਾ ਜੀਆਇ ਭਾਵੈ ਮਾਰਿ॥[4]
- ਅਬ ਹਮ ਚਲੀ ਠਾਕੁਰ ਪਹਿ ਹਾਰਿ॥

ਜਬ ਹਮ ਸਰਣਿ ਪ੍ਰਭੂ ਕੀ ਆਈ ਰਾਖੁ ਪ੍ਰਭੂ ਭਾਵੈ ਮਾਰਿ॥[5]

ਗੁਰੂ ਗ੍ਰੰਥ ਸਾਹਿਬ ਮਾਨਵ ਨੂੰ ਆਰਥਿਕ ਗੁਲਾਮੀ ਤੋਂ ਸੁਤੰਤਰਤਾ ਦਾ ਸੰਕਲਪ ਪੇਸ਼ ਕਰਦਾ ਹੈ। ਆਰਥਿਕ ਗੁਲਾਮੀ ਦੀ ਪਕੜ ਵਿੱਚ ਆਇਆ ਮਾਨਵ ਆਪਣਾ ਧਰਮ ਇਮਾਨ, ਵਿਸ਼ਵਾਸ, ਇਖ਼ਲਾਕ, ਖੂਨੀ ਰਿਸ਼ਤੇ ਸਭ ਨੂੰ ਹੀ ਦਾਅ ਤੇ ਲਾਈ ਫਿਰਦਾ ਹੈ। ਦੌਲਤ ਦਾ ਇੱਕਤਰੀਕਰਣ ਉਸਦਾ ਇੱਕੋ-ਇੱਕ ਪੇਸ਼ਾ ਹੁੰਦਾ ਹੈ। ਜਿਸ ਲਈ ਇਮਾਨ ਤੇ ਹਰ ਕਿਸਮ ਦੇ ਰਿਸ਼ਤੇ ਦੀ ਕੁਰਬਾਨੀ ਉਸ ਲਈ ਬੜਾ ਛੋਟਾ ਕਰਮ ਹੁੰਦਾ ਹੈ। ਹਰ ਕਿਸਮ ਦਾ ਪਾਪ ਕਰਕੇ ਸੋਨਾ, ਚਾਂਦੀ, ਦੌਲਤ ਇਕੱਠੀ ਕਰਨ ਵਾਲੇ ਮੂਰਖ ਇਨਸਾਨ ਨੂੰ ਬਾਣੀਕਾਰ ਦੱਸਦੇ ਹਨ ਕਿ ਅਜਿਹੀ ਦੁਨਿਆਵੀ ਦੌਲਤ ਤਾਂ ਧੋਖਾ, ਝੂਠ ਅਤੇ ਹਰ ਪ੍ਰਕਾਰ ਦੇ ਵਿਕਾਰਾਂ ਦੀ ਉਤਪਤੀ ਦੀ ਜਨਮਦਾਤੀ ਹੈ। ਸੋਨੇ ਦੀ ਲੰਕਾ ਬਣਾਉਣ ਵਾਲੇ ਰਾਵਣ ਵਰਗੇ ਵੀ ਸਾਰਾ ਧਨ ਇੱਥੇ ਹੀ ਛੱਡ ਕੇ ਚਲੇ ਗਏ ਹਨ। ਮਾਇਆ ਲਈ ਜੱਦੋ ਜਹਿਦ ਕਰਨ ਵਾਲੇ ਇਨਸਾਨ ਨੂੰ ਬਾਣੀਕਾਰ ਅਜਿਹੀ ਮਾਇਆਵੀ ਪਕੜ ਤੋਂ ਸੁਤੰਤਰ ਹੋ ਕੇ ਸਤਿਗੁਰੂ ਦੀ ਮਹਿਰਾਮਤ ਨਾਲ ਉਹਨਾਂ ਕੋਲੋਂ ਸੱਚਾ ਨਾਮ ਧਨ ਲੈ ਕੇ ਵਡਭਾਗੀ ਬਣਨ ਅਤੇ ਹਲਤ-ਪਲਤ ਸਵਾਰਨ ਦਾ ਸੰਕਲਪ ਪੇਸ਼ ਕਰਦੇ ਹਨ:

- ਮਾਇਆ ਮਨਹੁ ਨ ਵੀਸਰੈ ਮਾਗੈ ਦੰਮਾ ਦੰਮ॥

ਸੋ ਪ੍ਰਭੁ ਚਿਤਿ ਨ ਆਵਈ ਨਾਨਕ ਨਹੀ ਕਰੰਮ ॥੧॥[6]

- ਕਾਚਾ ਧਨੁ ਸੰਚੈ ਮੂਰਖਿ ਗਾਵਾਰ॥

ਮਨਮੁਖ ਭੂਲੇ ਅੰਧ ਗਾਵਾਰ ॥

ਬਿਖਿਆ ਕੈ ਧਨਿ ਸਦਾ ਦੁਖੁ ਹੋਇ ॥

ਨਾ ਸਾਥਿ ਜਾਇ ਨ ਪਰਾਪਤਿ ਹੋਇ ॥੧॥[7]

- ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ॥

ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ॥[8]

- ਸੁਇਨਾ ਰੁਪਾ ਪਾਪ ਕਰਿ ਕਰਿ ਸੰਚੀਐ ਚਲੈ ਨ ਚਲਦਿਆ ਨਾਲਿ॥

ਵਿਣੁ ਨਾਵੈ ਨਾਲਿ ਨ ਚਲਸੀ ਸਭ ਮੁਠੀ ਜਮਕਾਲਿ ॥੨੭॥[9]

- ਲੰਕਾ ਗਢੁ ਸੋਨੇ ਕਾ ਭਇਆ॥

ਮੂਰਖੁ ਰਾਵਨ ਕਿਆ ਲੇ ਗਇਆ॥[10]

- ਸਤਿਗੁਰੁ ਸਿਖ ਕਉ ਨਾਮ ਧਨੁ ਦੇਇ॥

ਗੁਰ ਕਾ ਸਿਖ ਵਡਭਾਗੀ ਹੇ॥[11]

ਗੁਰੂ ਗ੍ਰੰਥ ਸਾਹਿਬ ਵਿਚਲੇ ਬਾਣੀਕਾਰ ਮਨੁੱਖ ਮਾਤਰ ਨੂੰ ਰਾਜਨੀਤਕ ਗੁਲਾਮੀ ਤੋਂ ਆਜ਼ਾਦ ਕਰਕੇ ਆਪਣੀ ਮਰਜ਼ੀ ਨਾਲ ਆਪੇ ਚੁਣੇ ਪ੍ਰਤੀਨਿਧਾਂ ਦੁਆਰਾ ਆਪਣੇ ਲਈ ਸੁਚੱਜਾ ਰਾਜ ਪ੍ਰਬੰਧ ਸਿਰਜਣ ਦਾ ਸੰਕਲਪ ਪੇਸ਼ ਕਰਦੇ ਹਨ। ਰਾਜ ਤਖਤ ਉਪਰ ਬੈਠਣ ਵਾਲਾ ਸੱਚਾ-ਸੁੱਚਾ, ਨਿਆਂਸ਼ੀਲ, ਦੁਸ਼ਮਣੀ/ਦੋਸਤੀ ਤੋਂ ਉੱਚਾ ਉੱਠਿਆ ਇੱਕ ਰਾਜਯੋਗੀ ਹੀ ਚਾਹੀਦਾ ਹੈ। ਬਾਣੀਕਾਰਾਂ ਨੂੰ ਗਰੀਬਾਂ ਨਾਲ ਜ਼ਿਆਦਤੀ ਕਰਨਾ, ਉਹਨਾਂ ਦੇ ਹੱਕ ਮਾਰਨ ਉਹਨਾਂ ਦੀ ਸ਼ਖਸੀਅਤ ਅਤੇ ਆਤਮਾ ਨੂੰ ਕੁਚਲਣ ਵਾਲਾ ਰਾਜ ਮਨਜ਼ੂਰ ਨਹੀਂ ਹੈ। ਲੋਕ ਰਾਇ ਨੂੰ ਪ੍ਰਾਥਮਿਕ ਮੰਨ, ਸੱਚੇ ਪਰਮਾਤਮਾ ਵੱਲੋਂ ਬਖ਼ਸ਼ੇ ਤਖ਼ਤ ਰਾਜ ਨੂੰ ਸੱਚਾ ਬਣਾਉਂਦਾ ਹੋਇਆ ਆਲੇ ਦੁਆਲੇ ਲਈ ਸੁੱਖਦਾਇਕ ਬਣਾ ਸਕਦਾ ਹੈ। ਹਰ ਮਨੁੱਖ ਨੂੰ ਨਿਆਂ ਦੀ ਤੱਕੜੀ ਵਿੱਚ ਤੁੱਲੇ ਹੋਏ ਸੱਚ ਤੇ ਨਿਰੋਲ ਸੱਚ ਨੂੰ ਪ੍ਰਾਪਤ ਕਰਨ ਦਾ ਬੁਨਿਆਦੀ ਤੌਰ ਤੇ ਪੂਰਨ ਅਧਿਕਾਰ ਹੈ। ਕਾਨੂੰਨ ਵੀ ਉਸਨੂੰ ਨਿਰਪੱਖ ਤੇ ਸੱਚ, ਨਿਆਂ ਦੀ ਪ੍ਰਾਪਤੀ ਦਾ ਅਧਿਕਾਰ ਦੇਂਦਾ ਹੈ ਜਿਸਨੂੰ ਬਾਣੀਕਾਰਾਂ ਨੇ ਹਲੀਮੀ ਰਾਜ ਕਿਹਾ ਹੈ:

ਹੁਣਿ ਹੁਕਮੁ ਹੋਆ ਮਿਹਰਵਾਣ ਦਾ॥

ਪੈ ਕੋਇ ਨ ਕਿਸੈ ਰਞਾਣਦਾ॥

ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ॥[12]

ਹਲੀਮੀ ਰਾਜ ਵਿੱਚ ਸਭ ਨਾਲ ਇਨਸਾਫ਼ ਹੁੰਦਾ ਹੈ। ਕਿਸੇ ਨਾਲ ਜ਼ਿਆਦਤੀ ਤੇ ਵਾਧੂ ਮਿਹਰਬਾਨੀ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ ਅਤੇ ਸਭ ਸੁੱਖਦਾਇਕ ਜੀਵਨ ਬਸਰ ਕਰਦੇ ਹਨ। ਡਾ. ਜਸਪਾਲ ਸਿੰਘ ਹਲੀਮੀ ਰਾਜ ਬਾਰੇ ਲਿਖਦੇ, "ਗੁਰੂ ਗ੍ਰੰਥ ਸਾਹਿਬ ਵਿਚਲੀਆ ਪੰਕਤੀਆਂ ਵਿੱਚ ਜਿਸ ਹਲੀਮੀ ਰਾਜ ਦਾ ਸੰਕਲਪ ਪ੍ਰਸਤੁਤ ਕੀਤਾ ਗਿਆ ਹੈ। ਉਸ- ਆਧਾਰ ਸ਼ਕਤੀ ਨਹੀਂ ਹਲੀਮੀ ਹੈ। ਪਿਆਰ ਦੀ ਨੀਂਹ ਉਤੇ ਉਸਰੇ ਇਸ ਰਾਜ ਨੂੰ 'ਹਲੀਮੀ ਰਾਜ' ਕਿਹਾ ਗਿਆ ਹੈ।[13] ਅਜਿਹੇ ਹਲੀਮੀ ਰਾਜ ਦੀ ਪ੍ਰਾਪਤੀ ਸਤਿਗੁਰੂ ਦੀ ਬਖਸ਼ਿਸ਼ ਨਾਲ ਹੁੰਦੀ ਹੈ ਅਤੇ ਭੇਦ ਭਾਵ ਦੀ ਥਾਂ ਇਨਸਾਫ ਅਵਲ ਹੁੰਦਾ ਹੈ :

- ਤਖਤਿ ਬਹੈ ਤਖਤੈ ਕੀ ਲਾਇਕ॥

ਪੰਚ ਸਮਾਏ ਗੁਰਮਤਿ ਪਾਇਕ ॥

ਆਦਿ ਜੁਗਾਦੀ ਹੈ ਭੀ ਹੋਸੀ ਸਹਸਾ ਭਰਮੁ ਚੁਕਾਇਆ ॥੧੪॥[14]

- ਆਪੇ ਰਾਜਨੁ ਪੰਚਾ ਕਾਰੀ॥

ਤਖਤਿ ਬਹੈ ਅਦਲੀ ਪ੍ਰਭੁ ਆਪੇ ਭਰਮੁ ਭੇਦੁ ਭਉ ਜਾਈ ਹੇ ॥੧੦॥

ਆਪੇ ਕਾਜੀ ਆਪੇ ਮੁਲਾ ॥

ਆਪਿ ਅਭੁਲੁ ਨ ਕਬਹੂ ਭੁਲਾ ॥

ਆਪੇ ਮਿਹਰ ਦਇਆਪਤਿ ਦਾਤਾ ਨਾ ਕਿਸੈ ਕੋ ਬੈਰਾਈ ਹੇ ॥੧੧॥[15]

- ਸਾਚੀ ਨਗਰੀ ਤਖਤੁ ਸਚਾਵਾ॥

ਗੁਰਮੁਖਿ ਸਾਚੁ ਮਿਲੈ ਸੁਖ ਪਾਵਾ॥[16]

- ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ॥

ਪ੍ਰਥਮੇ ਨਾਨਕ ਚੰਦੁ ਜਗਤ ਭਯੋ ਆਨੰਦੁ ਤਾਰਨਿ ਮਨੁਖ੍ ਜਨ ਕੀਅਉ ਪ੍ਰਗਾਸ ॥

ਗੁਰ ਅੰਗਦ ਦੀਅਉ ਨਿਧਾਨੁ ਅਕਥ ਕਥਾ ਗਿਆਨੁ ਪੰਚ ਭੂਤ ਬਸਿ ਕੀਨੇ ਜਮਤ ਨ ਤ੍ਰਾਸ ॥

ਗੁਰ ਅਮਰੁ ਗੁਰੂ ਸ੍ਰੀ ਸਤਿ ਕਲਿਜੁਗਿ ਰਾਖੀ ਪਤਿ ਅਘਨ ਦੇਖਤ ਗਤੁ ਚਰਨ ਕਵਲ ਜਾਸ ॥

ਸਭ ਬਿਧਿ ਮਾਨਿਓ ਮਨੁ ਤਬ ਹੀ ਭਯਉ ਪ੍ਰਸੰਨੁ ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ॥[17]

ਬਾਣੀਕਾਰ ਜਨ ਸਾਧਾਰਨ ਨੂੰ ਸੁਆਰਥੀ, ਲਾਲਚੀ, ਜ਼ਾਲਮ, ਜ਼ਾਬਰ, ਅੰਦਰੂਨੀ ਤੇ ਬਹਿਰੂਨੀ ਹਮਲਾਵਰਾਂ, ਦੇਸੀ ਰਾਜਿਆਂ ਅਤੇ ਉਹਨਾਂ ਦੇ ਕਰਿੰਦਿਆਂ ਦੇ ਅਮਾਨਵੀ ਕਿਰਦਾਰ ਤੋਂ ਉਹਨਾਂ ਨੂੰ ਬਹੁਪੱਖੀ ਸੁਤੰਤਰਤਾ ਦਾ ਹੱਕ ਪ੍ਰਾਪਤ ਕਰਨ ਲਈ ਉੱਚੀ ਆਵਾਜ਼ ਬੁਲੰਦ ਕਰਦੇ ਹਨ। ਅਜਿਹੀ ਸੱਚੀ-ਸੁੱਚੀ ਬੇਲਾਗ ਸੁਤੰਤਰ ਆਵਾਜ਼ ਜੋ ਇੱਕ ਦਿਨ ਇਕੱਲੀ ਨਾ ਰਹਿ ਕੇ ਵੱਧਦੀ-ਵੱਧਦੀ ਲੋਕ ਆਵਾਜ਼ ਦਾ ਰੂਪ ਧਾਰਨ ਕਰਕੇ ਅਮਾਨਵੀ ਕਿਰਦਾਰ ਦੀ ਕਰੂਪ ਸ਼ਖਸੀਅਤ ਉਹਨਾਂ ਦੇ ਸਾਹਮਣੇ ਰੱਖ ਕੇ ਉਹਨਾਂ ਨੂੰ ਜ਼ਿੰਦਗੀ ਦੇ ਸਹੀ ਅਰਥ ਸਮਝਾ ਮਾਨਵੀ ਕਦਰਾਂ ਕੀਮਤਾਂ ਸੰਪੰਨ ਬਣਾ ਸਕੇ। ਸੁਤੰਤਰਤਾ ਰਾਜਨੀਤਕਤਾ ਦਾ ਬੁਨਿਆਦੀ ਅਧਿਕਾਰ ਤੇ ਸਿਧਾਂਤ ਹੈ, ਜੋ ਬਾਣੀਕਾਰਾਂ ਨੇ ਪੇਸ਼ ਕੀਤਾ ਹੈ। ਇਹ ਸਿਧਾਂਤ ਕੇਵਲ ਕਿਸੇ ਨੂੰ ਡਰਾਉਣ ਤੋਂ ਵਰਜਣ ਤਕ ਹੀ ਸੀਮਤ ਨਹੀਂ ਸਗੋਂ ਕਿਸੇ ਦੇ ਡਰ ਨੂੰ ਸਵੀਕਾਰ ਕਰਨ ਦੇ ਮਹਾਂਪਾਪ ਤਕ ਵਿਸਤ੍ਰਿਤ ਹੈ:

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥[18]

ਬਾਣੀਕਾਰ ਜਨ ਸਾਧਾਰਨ ਸਾਹਮਣੇ ਸਮਾਜਿਕ ਸੁਤੰਤਰਤਾ ਦਾ ਸੰਕਲਪ ਵੀ ਪੇਸ਼ ਕਰਦੇ ਹਨ। ਮਨੁੱਖ ਸਮਾਜਿਕ ਪ੍ਰਾਣੀ ਜ਼ਰੂਰ ਹੈ। ਸਮਾਜ ਵਿਚ ਵਿਚਰਦਿਆਂ ਆਪਣੀਆਂ ਲੋੜ੍ਹਾਂ, ਥੋੜ੍ਹਾਂ ਤੇ ਜ਼ਰੂਰਤਾਂ ਦੀ ਪੂਰਤੀ ਲਈ ਇਕ ਦੂਸਰੇ ਉੱਪਰ ਨਿਰਭਰ ਵੀ ਕਰਦਾ ਹੈ ਪਰ ਉਸਨੂੰ ਆਲੇ-ਦੁਆਲੇ ਵਿਚਰਦੇ ਇਨਸਾਨਾਂ ਉਤੇ ਬੋਝ ਪਾਉਣ ਦਾ ਕੋਈ ਅਧਿਕਾਰ ਨਹੀਂ ਹੁੰਦਾ। ਉਹਨਾਂ ਦੀ ਕਿਸੇ ਪ੍ਰਕਾਰ ਦੀ ਸੁਤੰਤਰਤਾ ਨੂੰ ਆਪਣਾ ਅਧਿਕਾਰ ਸਮਝਣ ਦੀ ਇਜ਼ਾਜ਼ਤ ਨਹੀਂ ਹੈ। ਉਸਨੂੰ ਆਪਣੀਆਂ ਜ਼ਰੂਰਤਾਂ ਆਪਣੇ ਸਿਰ ਉੱਪਰ ਆਪਣੀ ਮਿਹਨਤ ਮੁਸ਼ੱਕਤ ਨਾਲ ਪੂਰੀਆਂ ਕਰਨੀਆਂ ਜ਼ਰੂਰੀ ਹਨ। ਘਾਲਣਾ, ਮਿਹਨਤ, ਸੰਘਰਸ਼ ਮਨੁੱਖ ਨੂੰ ਬੜੀ ਮੁੱਦਤਾਂ ਬਾਅਦ ਮਿਲੀ ਇਸ ਸਰਵੋਤਮ ਮਨੁੱਖੀ ਜੂਨ ਵਿਚ ਆਪਣੇ ਉੱਦਮ ਦੁਆਰਾ, ਆਪਣੇ ਪੈਰਾਂ ਨੂੰ ਮਜ਼ਬੂਤ ਕਰ, ਪਿੱਛੇ ਹੋ ਗੁਜ਼ਰੇ ਦੀ ਚਿੰਤਾ ਤੋਂ ਮੁਕਤ ਹੋ, ਆਪਣੀਆ ਪ੍ਰਾਪਤੀਆਂ ਦਾ ਕਰਤਾ ਆਪਣੇ ਆਪ ਨੂੰ ਸਮਝਣ ਦੀ ਹਉਮੈ ਤੋਂ ਉੱਚਾ ਹੋ ਕੇ ਆਪਣੀਆਂ ਅਪ੍ਰਾਪਤੀਆਂ ਸਮੇਂ ਝੂਰਨ ਦੀ ਜ਼ਰੂਰਤ ਨਹੀਂ, ਸਗੋਂ ਜੂਝਣ ਦੀ ਲੋੜ ਹੈ ਤਾਂ ਜੋ ਜ਼ਿੰਦਗੀ ਨੂੰ ਦੁੱਖਾਂ ਦੀ ਗੁਲਾਮੀ ਤੋਂ ਸੁਤੰਤਰ ਕਰਵਾ ਕੇ ਜ਼ਿੰਦਗੀ ਨੂੰ ਸੁੱਖਾਂ ਦੀ ਸੁਤੰਤਰਤਾ ਦਾ ਹਾਮੀ ਬਣਾਇਆ ਜਾ ਸਕੇ।

- ਮਾਟੀ ਕੋ ਪੁਤਰਾ ਕੈਸੇ ਨਚਤੁ ਹੈ॥

ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ॥ ਰਹਾਉ॥

ਜਬ ਕਛੁ ਪਾਵੈ ਤਬ ਗਰੁਬ ਕਰਤੁ ਹੈ॥

ਮਾਇਆ ਗਈ ਤਬ ਰੋਵਨੁ ਲਗਤੁ ਹੈ॥[19]

- ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥[20]
- ਅਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ॥

ਨਾਨਕ ਸਿਝਿ ਇਵੇਹਾ ਵਾਰ ਬਹੁੜਿ ਨ ਹੋਵੀ ਜਨਮੜਾ॥[21]

ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਵਿਚਲੇ ਬਾਣੀਕਾਰਾਂ ਨੇ ਜਨ ਸਧਾਰਨ ਸਾਹਮਣੇ ਸੰਪੂਰਨ ਸੁਤੰਤਰਤਾ ਦਾ ਸੰਕਲਪ ਉਲੀਕਿਆ ਹੈ। ਇਹ ਸੁਤੰਤਰਤਾ ਮਨ ਅੰਦਰਲੀਆਂ ਇੰਦ੍ਰਿਆਵੀ ਛਿਨ ਭੰਗਰ ਖੁਸ਼ੀਆਂ ਤੋਂ ਸ਼ੁਰੂ ਹੋ ਕੇ ਮਾਨਵ ਦੀ ਧਾਰਮਿਕ, ਆਰਥਿਕ, ਰਾਜਨੀਤਕ ਅਤੇ ਸਮਾਜਿਕ ਸੁਤੰਤਰਤਾ ਤੱਕ ਵਿਸਤ੍ਰਿਤ ਹੈ ਜਿਸਦਾ ਬੁਨਿਆਦੀ ਮੰਤਵ ਇਸ 'ਸਾਚੇ ਕੀ ਸਾਚੀ ਕਾਰ' ਮਾਨਵ ਨੂੰ ਸੱਚਾ, ਸੁੱਚਾ, ਚਿੰਤਾ, ਗਮ, ਦੁੱਖ, ਸੰਕਟ ਇਤਿ ਆਦਿ ਦੀ ਗੁਲਾਮੀ ਤੋਂ ਮੁਕਤ ਕਰਕੇ ਇਕ ਸੰਪੂਰਨ ਵਿਕਸਿਤ, ਸਵੈ-ਨਿਰਭਰ ਤੇ ਸਵੈਮਾਣ ਸੰਪੰਨ, ਸੁਤੰਤਰ ਇਨਸਾਨ ਬਣਾਉਣਾ ਹੈ, ਜਿਸ ਨਾਲ ਪਰਮਾਤਮਾ ਵਿਚਲੀ ਨਿਰਭੈਤਾ ਤੇ ਨਿਰਵੈਰਤਾ ਵਿਚਲੇ ਸੁਤੰਤਰ ਪੱਖਾਂ ਵਾਂਗੂੰ ਬਹੁਪੱਖੀ ਸੁਤੰਤਰਤਾ ਦਾ ਧਾਰਨੀ ਹੋ ਧਰਤੀ ਉਪਰ 'ਬੇਗਮਪੁਰਾ ਸ਼ਹਿਰ' ਵਰਗਾ 'ਹਲੇਮੀ ਰਾਜ' ਸਥਾਪਤ ਕਰ, ਧਰਤੀ ਨੂੰ ਸਹੀ ਅਰਥਾਂ ਵਿਚ ਪਰਮਾਤਮਾ ਵੱਲੋਂ ਧਰਤੀ ਨੂੰ ਬਣਾਈ ਗਈ ਧਰਮਸਾਲ ਨੂੰ ਆਪਣਾ ਵਾਸਤਵਿਕ ਗੌਰਵ ਪ੍ਰਦਾਨ ਕਰਨ ਦਾ ਸਮਰੱਥਾ ਸੰਪੰਨ ਸੁਤੰਤਰ ਮਾਨਵ ਬਣ ਸਕੇ।

## ਹਵਾਲੇ ਅਤੇ ਟਿੱਪਣੀਆਂ


1. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 885
2. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1136
3. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1380
4. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 338
5. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 527
6. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1093
7. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 665
8. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 510
9. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 756
10. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1158
11. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 286
12. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 74
13. ਡਾ. ਜਸਪਾਲ ਸਿੰਘ, ਸਿਖ ਰਾਜ ਦਾ ਸੰਕਲਪ, ਪੰਨਾ 304
14. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1039
15. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1022
16. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1022
17. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1399
18. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1427
19. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 487
20. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 522
21. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1096